NSW GOVERNMENT

# ਵਿਸ਼ੇਸ਼ ਧਾਰਮਿਕ ਸਿੱਖਿਆ ਅਤੇ ਨੈਤਿਕਤਾ ਵਿੱਚ ਵਿਸ਼ੇਸ਼ ਸਿੱਖਿਆ ਵਿੱਚ ਹਿੱਸਾ ਲੈਣ ਲਈ ਚਿੱਠੀ

NSW ਵਿੱਚ ਜਨਤਕ ਸਿੱਖਿਆ ਪ੍ਰਣਾਲੀ ਦੀ ਇਕ ਵਿਸ਼ੇਸ਼ਤਾ ਇਹ ਹੈ ਕਿ ਇਹ ਮਾਪਿਆਂ/ਸੰਭਾਲ ਕਰਨ ਵਾਲਿਆਂ ਦੀ ਚੋਣ ਅਨੁਸਾਰ ਧਾਰਮਿਕ ਜਾਂ ਗੈਰ-ਧਾਰਮਿਕ ਦ੍ਰਿਸ਼ਟੀਕੋਣ ਤੋਂ ਨੈਤਿਕਤਾ, ਧਾਰਮਿਕ ਵਿਸ਼ਵਾਸ ਅਤੇ ਇਖਲਾਕ ਵਿੱਚ ਸਿੱਖਿਆ ਲਈ ਜਮਾਤ ਵਿੱਚ ਸਮਾਂ ਪ੍ਰਦਾਨ ਕਰਨ ਦਾ ਮੌਕਾ ਪ੍ਰਦਾਨ ਕਰਦੀ ਹੈ।

ਸਕੂਲ ਦੀ ਵੈੱਬਸਾਈਟ (ਹੇਠਾਂ ਦਿਖਾਏ ਲਿੰਕ) ਮਾਪਿਆਂ/ਸੰਭਾਲ ਕਰਨ ਵਾਲੇ ਦੀ ਚੋਣ ਦਾ ਸਮਰਥਨ ਕਰਨ ਲਈ ਇਹਨਾਂ ਵਿਕਲਪਾਂ ਬਾਰੇ ਜਾਣਕਾਰੀ ਪ੍ਰਦਾਨ ਕਰਦੀ ਹੈ।

________________________________________

ਸਕੂਲ ਵੈੱਬ ਲਿੰਕ

ਮਾਪੇ/ਸੰਭਾਲ ਕਰਨ ਵਾਲੇ ਕਿਸੇ ਵੀ ਸਮੇਂ ਸਕੂਲ ਨੂੰ ਲਿਖਤੀ ਰੂਪ ਵਿੱਚ ਸੂਚਿਤ ਕਰ ਸਕਦੇ ਹਨ ਕਿ ਉਹ ਆਪਣਾ ਫ਼ੈਸਲਾ ਬਦਲਣਾ ਚਾਹੁੰਦੇ ਹਨ। ਵਿਦਿਆਰਥੀ ਪਿਛਲੇ ਸਾਲ ਵਾਂਗ ਹੀ ਉਸੇ ਪ੍ਰਬੰਧ ਨੂੰ ਜਾਰੀ ਰੱਖਣਗੇ, ਜਦੋਂ ਤੱਕ ਕਿਸੇ ਮਾਪੇ/ਸੰਭਾਲ ਕਰਨ ਵਾਲੇ ਨੇ ਲਿਖਤੀ ਰੂਪ ਵਿੱਚ ਤਬਦੀਲੀ ਦੀ ਬੇਨਤੀ ਨਹੀਂ ਕੀਤੀ ਹੈ।

ਜੇ ਤੁਹਾਡੀ ਤਰਜੀਹੀ ਵਿਸ਼ੇਸ਼ ਧਾਰਮਿਕ ਸਿੱਖਿਆ (Special Religious Education (SRE)) ਜਾਂ ਨੈਤਿਕਤਾ ਵਿੱਚ ਵਿਸ਼ੇਸ਼ ਸਿੱਖਿਆ (Special Education in Ethics (SEE)) ਵਿਕਲਪ ਉਪਲਬਧ ਨਹੀਂ ਹੈ ਤਾਂ ਕਿਰਪਾ ਕਰਕੇ ਮਾਨਤਾ ਪ੍ਰਾਪਤ ਪ੍ਰਦਾਤੇ ਨਾਲ ਸੰਪਰਕ ਕਰੋ। ਵਿਸ਼ੇਸ਼ ਧਾਰਮਿਕ ਸਿੱਖਿਆ ਜਾਂ ਨੈਤਿਕਤਾ ਵਿੱਚ ਵਿਸ਼ੇਸ਼ ਸਿੱਖਿਆ ਵਿੱਚ ਹਿੱਸਾ ਨਾ ਲੈਣ ਵਾਲੇ ਵਿਦਿਆਰਥੀਆਂ ਨੂੰ ਨਿਗਰਾਨੀ ਹੇਠ ਵਿਕਲਪਕ ਅਰਥਪੂਰਨ ਗਤੀਵਿਧੀਆਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ।

ਮਾਨਤਾ ਪ੍ਰਾਪਤ ਪ੍ਰਦਾਤਿਆਂ ਦੀ ਸੂਚੀ ਸਮੇਤ ਵਿਸ਼ੇਸ਼ ਧਾਰਮਿਕ ਸਿੱਖਿਆ ਅਤੇ ਨੈਤਿਕਤਾ ਵਿੱਚ ਵਿਸ਼ੇਸ਼ ਸਿੱਖਿਆ ਬਾਰੇ ਵਧੇਰੇ ਜਾਣਕਾਰੀ ਵਾਸਤੇ, ਕਿਰਪਾ ਕਰਕੇ ਵੇਖੋ: ਧਰਮ ਅਤੇ ਨੈਤਿਕਤਾ

________________________________________

ਸਕੂਲ ਦਾ ਨਾਮ

ਉਪਰੋਕਤ ਦੱਸੇ ਸਕੂਲ ਵਿਖੇ ਹੇਠ ਲਿਖੇ ਵਿਕਲਪ ਉਪਲਬਧ ਹਨ। ਕਿਰਪਾ ਕਰਕੇ ਇਕ ਵਿਕਲਪ ਚੁਣੋ ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਡਾ ਬੱਚਾ SRE ਵਿੱਚ ਹਾਜ਼ਰ ਹੋਵੇ ਅਤੇ ਆਪਣੀ ਪਸੰਦ ਦੇ ਅੱਗੇ ਵਾਲੇ ਡੱਬੇ ਵਿੱਚ ਨਿਸ਼ਾਨ ਲਗਾਓ।

## SRE ਵਿਕਲਪ (SRE Options)

- ☐ ਵਿਕਲਪ 1 ____________________
- ☐ ਵਿਕਲਪ 2 ____________________
- ☐ ਵਿਕਲਪ 3 ____________________
- ☐ ਵਿਕਲਪ 4 ____________________
- ☐ ਵਿਕਲਪ 5 ____________________
- ☐ ਵਿਕਲਪ 6 ____________________
- ☐ ਵਿਕਲਪ 7 ____________________

**ਜਾਂ**

☐ ਜੇ ਤੁਸੀਂ ਨਹੀਂ ਚਾਹੁੰਦੇ ਕਿ ਤੁਹਾਡਾ ਬੱਚਾ SRE ਵਿੱਚ ਹਾਜ਼ਰ ਹੋਵੇ ਤਾਂ ਕਿਰਪਾ ਕਰਕੇ ਇਸ ਡੱਬੇ ਵਿੱਚ ਨਿਸ਼ਾਨ ਲਗਾਓ।
(Student will not participate in SRE)

**ਕਿਰਪਾ ਕਰਕੇ ਹੇਠਾਂ ਦਿੱਤੀ ਜਾਣਕਾਰੀ ਨੂੰ ਅੰਗਰੇਜ਼ੀ ਵਿੱਚ ਪੂਰਾ ਕਰੋ, ਇਸ ਚਿੱਠੀ 'ਤੇ ਦਸਤਖ਼ਤ ਕਰੋ ਅਤੇ ਸਕੂਲ ਨੂੰ ਵਾਪਸ ਭੇਜ ਦਿਓ।**

ਵਿਦਿਆਰਥੀ ਦਾ ਨਾਮ ______________________ ਸਕੂਲ ਵਿੱਚ ਜਮਾਤ ________
Student name Year

ਮਾਪੇ/ਸੰਭਾਲ ਕਰਨ ਵਾਲੇ ਦੇ ਦਸਤਖ਼ਤ ______________________ ਤਰੀਕ ________
Signature of parent/carer Date

## ਟੈਲੀਫ਼ੋਨ ਦੁਭਾਸ਼ੀਆ ਸੇਵਾ

ਜੇ ਤੁਸੀਂ ਵਧੇਰੇ ਜਾਣਕਾਰੀ ਚਾਹੁੰਦੇ ਹੋ ਅਤੇ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ, ਤਾਂ ਕਿਰਪਾ ਕਰਕੇ ਟੈਲੀਫ਼ੋਨ ਦੁਭਾਸ਼ੀਆ ਸੇਵਾ ਨੂੰ 131 450 'ਤੇ ਫ਼ੋਨ ਕਰੋ ਅਤੇ ਆਪਣੀ ਭਾਸ਼ਾ ਵਿੱਚ ਦੁਭਾਸ਼ੀਏ ਦੀ ਮੰਗ ਕਰੋ। ਔਪਰੇਟਰ ਨੂੰ ਉਹ ਫ਼ੋਨ ਨੰਬਰ ਦੱਸੋ ਜਿਸ ਨੂੰ ਤੁਸੀਂ ਫ਼ੋਨ ਕਰਨਾ ਚਾਹੁੰਦੇ ਹੋ ਅਤੇ ਔਪਰੇਟਰ ਗੱਲਬਾਤ ਵਿੱਚ ਤੁਹਾਡੀ ਸਹਾਇਤਾ ਕਰਨ ਲਈ ਲਾਈਨ 'ਤੇ ਇਕ ਦੁਭਾਸ਼ੀਏ ਨੂੰ ਲਿਆਵੇਗਾ। ਇਸ ਸੇਵਾ ਵਾਸਤੇ ਤੁਹਾਡੇ ਕੋਲੋਂ ਕੋਈ ਫ਼ੀਸ ਵਸੂਲ ਨਹੀਂ ਕੀਤੀ ਜਾਵੇਗੀ।

ਜੇ ਤੁਸੀਂ ਵਿਸ਼ੇਸ਼ ਧਾਰਮਿਕ ਸਿੱਖਿਆ ਜਾਂ ਨੈਤਿਕਤਾ ਵਿੱਚ ਵਿਸ਼ੇਸ਼ ਸਿੱਖਿਆ ਦੀ ਚੋਣ ਕੀਤੀ ਹੈ, ਤਾਂ ਤੁਸੀਂ ਪੁਸ਼ਟੀ ਕਰਦੇ ਹੋ ਕਿ, ਅਜਿਹਾ ਕਰਕੇ ਤੁਸੀਂ ਵਿਭਾਗ ਨੂੰ ਨਾਮਜ਼ਦ ਪ੍ਰਵਾਨਿਤ ਪ੍ਰਦਾਤੇ ਨੂੰ ਆਪਣੇ ਬੱਚੇ ਦਾ ਨਾਮ ਪ੍ਰਦਾਨ ਕਰਨ ਦੀ ਸਹਿਮਤੀ ਦਿੰਦੇ ਹੋ। ਵਿਭਾਗ ਨੂੰ ਪਰਦੇਦਾਰੀ ਅਤੇ ਨਿੱਜੀ ਜਾਣਕਾਰੀ ਸੁਰੱਖਿਆ ਕਾਨੂੰਨ 1998 (NSW) ਦੀ ਧਾਰਾ 26 ਦੇ ਅਧੀਨ ਤੁਹਾਡੀ ਸਹਿਮਤੀ ਪ੍ਰਾਪਤ ਕਰਨ ਦੀ ਲੋੜ ਹੈ ਤਾਂ ਜੋ ਇਸ ਨੂੰ ਧਾਰਾ 19 ਦੀ ਪਾਲਣਾ ਨਾ ਕਰਨੀ ਪਵੇ, ਜੋ ਕਿ ਵਿਭਾਗ ਨੂੰ ਤੁਹਾਡੇ ਬੱਚੇ ਦਾ ਨਾਮ ਪ੍ਰਦਾਨ ਕਰਨ ਤੋਂ ਰੋਕਣ ਲਈ ਲਾਗੂ ਹੋਵੇਗੀ।